# ਲੋਕ ਘੋਲਾਂ ਦੇ ਰਾਹ ਦੇ ਕੁਝ ਅੜਿਕੇ

ਹਿੰਦੁਸਤਾਨ ਦੇ ਲੋਕ ਇਕ ਲੰਮੇ ਅਰਸੇ ਤੋਂ ਆਪਣੀ ਮੁਕਤੀ ਲਈ ਘੋਲ ਕਰ ਰਹੇ ਹਨ ਪਰ ਹਾਲੇ ਤੱਕ ਲੁੱਟ ਖਸੁੱਟ ਦੇ ਰਾਜ ਤੋਂ ਖਲਾਸੀ ਨਹੀਂ ਹੋਈ। ਮਜ਼ਦੂਰਾਂ, ਕਿਸਾਨਾਂ, ਨੌਜੁਆਨਾਂ, ਔਰਤਾਂ, ਕਰਮਚਾਰੀਆਂ, ਦਲਿਤਾਂ ਅਤੇ ਕਬਾਇਲੀ ਲੋਕਾਂ ਦੀਆਂ ਅਣਗਿਣਤ ਜਦੋਜਹਿਦਾਂ ਤੇ ਕੁਰਬਾਨੀਆਂ ਦੇ ਬਾਵਜੂਦ ਲੋਟੂਆਂ ਦਾ ਰਾਜ ਤੰਤ੍ਰ ਤੇ ਰਾਜ ਕਾਇਮ ਹੈ, ਸਮਾਜ ਵਿਚ ਲੁੱਟ ਖਸੁੱਟ ਦੇ ਰਿਸ਼ਤੇ ਬਰਕਰਾਰ ਹਨ। ਜਿਹੜੀਆਂ ਕੁਝ ਰਿਆਇਤਾਂ ਲੋਕਾਂ ਨੇ ਆਪਣੇ ਘੋਲ ਰਾਹੀਂ ਪਿਛਲੇ ਦਹਾਕਿਆਂ ਵਿਚ ਜਿੱਤੀਆਂ ਸਨ ਉਨ੍ਹਾਂ ਤੇ ਵੀ ਹੁਣ ਹਾਕਮਾਂ ਦਾ ਰਾਜ ਤੰਤ੍ਰ ਅਤੇ ਸਰਕਾਰ ਛਾਪੇ ਮਾਰ ਰਹੇ ਹਨ ਅਤੇ ਇਨ੍ਹਾਂ ਰਿਆਇਤਾਂ ਨੂੰ ਖ਼ਤਮ ਕਰਨ ਤੇ ਤੁਲੇ ਹੋਏ ਹਨ। ਮਿਸਾਲ ਦੇ ਤੌਰ ਤੇ ਹੁਣ ਕਿਸੇ ਵੀ ਮਜ਼ਦੂਰ ਮੁਲਾਜ਼ਮ ਦੀ ਨੌਕਰੀ ਜਾਂ ਪੈਨਸ਼ਨ ਪੱਕੀ ਨਹੀਂ ਰਹਿਣ ਦਿਤੀ ਗਈ ਅਤੇ ਉਨ੍ਹਾਂ ਨੂੰ ਜਦੋਂ ਮਰਜ਼ੀ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ। ਪੱਕੀ ਨੌਕਰੀ ਦੀ ਹੁਣ ਕੋਈ ਜ਼ਾਮਨੀ ਨਹੀਂ ਰਹੀ ਜਦ ਕਿ ਮਜ਼ਦੂਰਾਂ ਅਤੇ ਕਰਮਚਾਰੀਆਂ ਨੇ ਇਹ ਰਿਆਇਤ ਬੜੀ ਸਖ਼ਤ ਜੱਦੋ-ਜਹਿਦ ਦੇ ਬਾਅਦ ਜਿਤੀ ਸੀ। ਇਸੇ ਤਰਾਂ ਸਰਕਾਰ ਵਲੋਂ ਲੋਕਾਂ ਦੇ ਹੱਕ ਖੋਹਣ ਦੀਆਂ ਹੋਰ ਵੀ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਲੋਕ ਤਾਂ ਮੁਦਤਾਂ ਤੋਂ ਆਪਣੇ ਹੱਕ ਹਾਸਲ ਕਰਨ ਲਈ ਸੰਘਰਸ਼ ਕਰਦੇ ਆਏ ਹਨ ਤੇ ਚਾਹੁੰਦੇ ਹਨ ਕਿ ਹੱਕਾਂ ਦੀ ਜੱਦੋ-ਜਹਿਦ ਕਾਮਯਾਬ ਹੋਵੇ ਅਤੇ ਸਿਰੇ ਚੜ੍ਹੇ ਪਰ ਕੀ ਵਜ੍ਹਾ ਹੈ ਕਿ ਲੋਕਾਂ ਦੀ ਜਦੋਜਹਿਦ ਸਿਰੇ ਨਹੀਂ ਲਗਦੀ ਤੇ ਉਨ੍ਹਾਂ ਦੇ ਹੱਕਾਂ ਉਤੇ ਇਹੋ ਜਿਹੇ ਹਮਲੇ ਕਰਨ ਵਿਚ ਹਾਕਮ ਜਮਾਤ ਅਤੇ ਉਨ੍ਹਾਂ ਦਾ ਰਾਜ ਤੰਤ੍ਰ ਕਾਮਯਾਬ ਹੈ? ਲੋਕਾਂ ਦੀ ਮੁਕਤੀ ਦੇ ਸੰਘਰਸ਼ ਦੇ ਰਾਹ ਦੀ ਸਫ਼ਲਤਾ ਵਿਚ ਅੜਿਕੇ ਕੀ ਹਨ? ਇਹੋ ਜਿਹੇ ਸੁਆਲ ਹੁਣ ਆਮ ਲੋਕਾਂ ਦੀ ਜ਼ੁਬਾਨ ਤੇ ਹਨ।

ਲੋਕਾਂ ਦੀ ਕਿਸੇ ਵੀ ਜੱਦੋ-ਜਹਿਦ ਦੇ ਸਿਰੇ ਚੜ੍ਹਨ ਲਈ ਵਾਸਤਵਿਕ ਅਤੇ ਅੰਤਰਮੁਖੀ ਹਾਲਾਤ ਦੇ ਪੁਖ਼ਤਾ ਹੋਣ ਦੀ ਲੋੜ ਹੁੰਦੀ ਹੈ। ਜੇ ਵਾਸਤਵਿਕ ਹਾਲਾਤ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਜੱਦੋ-ਜਹਿਦ ਦੀ ਜਿੱਤ ਲਈ ਸਾਜ਼ਗਾਰ ਹੋਣ ਤਾਂ ਜੱਦੋ-ਜਹਿਦ ਨੂੰ ਕਾਮਯਾਬ ਹੋਣ ਵਿਚ ਮਦਦ ਮਿਲਦੀ ਹੈ ਨਹੀਂ ਤਾਂ ਲੋਕਾਂ ਦੀ ਜੱਦੋ-ਜਹਿਦ ਅਤੇ ਲਹਿਰ ਨੂੰ ਸੱਟ ਵੱਜਦੀ ਹੈ। ਸੋਵੀਅਤ ਯੂਨੀਅਨ ਦੇ ਡਿਗਣ ਨਾਲ ਦੁਨੀਆ ਦੀ ਦੋ ਧਰੁਵੀ ਵੰਡ ਦੇ ਖ਼ਤਮ ਹੋਣ ਮਗਰੋਂ ਇਨਕਲਾਬੀ ਲਹਿਰ ਨੂੰ ਬੜੀ ਸੱਟ ਵੱਜੀ ਹੈ ਅਤੇ ਐਸ ਵੇਲੇ ਵਹਿਸ਼ੀ ਤਾਕਤਾਂ ਚੜ੍ਹਤ ਵਿਚ ਹਨ। ਇਸ ਵੇਲੇ ਇਨਕਲਾਬ ਭਾਵੇਂ ਪਹਿਲਾਂ ਵਾਲੀ ਚੜ੍ਹਤ ਵਿਚ ਨਹੀਂ ਰਿਹਾ ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਲੋਕਾਂ ਦੇ ਘੋਲ ਬੰਦ ਹੋ ਗਏ ਹਨ ਜਾਂ ਲੋਕਾਂ ਨੇ ਆਪਣੇ ਹੱਕਾਂ ਲਈ ਜਦੋਜਹਿਦ ਕਰਨੀ ਛੱਡ ਦਿੱਤੀ ਹੈ। ਹਿੰਦੁਸਤਾਨ ਵਿਚ ਲੋਕਾਂ ਨੇ ਨਿਜੀਕਰਣ, ਵਿਸ਼ਵੀਕਰਣ ਅਤੇ ਜੰਗ ਦੇ ਖ਼ਿਲਾਫ਼ ਅਤੇ ਆਪਣੇ ਹੱਕਾਂ ਦੇ ਘੋਲ ਦਾ ਸ਼ਾਨਦਾਰ ਝੰਡਾ ਉਚਾ ਰਖਿਆ ਹੈ ਅਤੇ ਇਹ ਘੋਲ ਹੋਰ ਤਿੱਖੇ ਹੋ ਰਹੇ ਹਨ। ਪਰ ਸਾਮਰਾਜ ਅਤੇ ਲੋਕ ਦੁਸ਼ਮਣ ਹਾਕਮ ਦਾ ਤਾਕਤਾਂ ਦਾ ਪਲੜਾ ਅਜੇ ਭਾਰੀ ਹੈ ਅਤੇ ਇਹ ਵਹਿਸ਼ੀ ਤਾਕਤਾਂ ਸਮਾਜ ਵਿਰੋਧੀ ਅਜੰਡਾ ਲੋਕਾਂ ਉਤੇ ਮੱਲੋਮੱਲੀ ਥੱਪ ਰਹੀਆਂ ਹਨ।

ਅੰਤਰਮੁਖੀ ਹਾਲਾਤ ਨੂੰ ਸਾਜ਼ਗਾਰ ਕਰਨ ਵਿਚ ਲੋਕਾਂ ਦੀ ਜਥੇਬੰਦੀ, ਏਕਤਾ ਅਤੇ ਸੂਝ ਇਕ ਫੈਸਲਾਕੁਨ ਰੋਲ ਕਰਦੇ ਹਨ ਪਰ ਹਿੰਦੁਸਤਾਨ ਵਿਚ ਇਸ ਪੱਖੋਂ ਦੋ ਵੱਡੀਆਂ ਕਮਜ਼ੋਰੀਆਂ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ। ਇਕ ਤਾਂ ਇਹ ਕਿ ਸਾਰੀਆਂ ਹੀ ਸਿਆਸੀ ਪਾਰਟੀਆਂ, ਸਮੇਤ ਹਿੰਦੁਸਤਾਨ ਦੀਆਂ ਦੋਨੋਂ ਵੱਡੀਆਂ ਕਮਿਉਨਿਸਟ ਪਾਰਟੀਆਂ ਸੀ.ਪੀ.ਆਈ ਤੇ ਸੀ.ਪੀ.ਆਈ.(ਐਮ) ਦੇ, ਯੂਰੋ-ਕੇਂਦਰਵਾਦੀ ਸੋਚ ਤੋਂ ਸੇਧ ਲੈਂਦੀਆਂ ਹਨ। ਇਹ ਹਿੰਦੁਸਤਾਨੀ ਸੋਚ, ਹਿੰਦੁਸਤਾਨੀ ਫ਼ਲਸਫ਼ੇ ਤੇ ਇਕ ਆਪਣੀ ਸੇਧ ਬਣਾਉਣ ਦੀ ਅਹਿਮੀਅਤ ਨੂੰ ਨਹੀਂ ਗੌਲਦੀਆਂ। ਲੇਕਿਨ ਜਿਨ੍ਹਾਂ ਚਿਰ ਹਿੰਦੁਸਤਾਨ ਦੇ ਲੋਕ ਖ਼ੁਦ ਆਪਣੇ ਹਾਲਾਤ ਦੇ ਮੁਤਾਬਿਕ ਆਪਣੀ ਸੇਧ ਅਤੇ ਦਰਸ਼ਨ ਨਹੀਂ ਉਸਾਰਦੇ ਉਨ੍ਹਾਂ ਚਿਰ ਉਨ੍ਹਾਂ ਦੇ ਘੋਲ ਕਾਮਯਾਬ ਨਹੀਂ ਹੋ ਸਕਦੇ। ਇਸ ਕਰਕੇ ਹਿੰਦੁਸਤਾਨੀ ਲੋਕਾਂ ਨੂੰ ਆਪਣੀ ਮੁਕਤੀ ਲਈ ਆਪਣਾ ਦਰਸ਼ਨ ਵਿਕਸਿਤ ਕਰਨ ਦੀ ਲੋੜ ਹੈ।

ਦੂਜੀ ਕਮਜ਼ੋਰੀ ਇਹ ਹੈ ਕਿ ਦੋਨੋਂ ਵੱਡੀਆਂ ਕਮਿਉਨਿਸਟ ਪਾਰਟੀਆਂ ਅਤੇ ਉਨ੍ਹਾਂ ਦੀਆਂ ਯੂਨੀਅਨਾਂ ਦੇ ਲੀਡਰ ਹਾਕਮ ਜਮਾਤਾਂ ਦੇ ਸਮਾਜ ਵਿਰੋਧੀ ਅਜੰਡੇ ਦੇ ਹਿਮਾਇਤੀ ਹਨ ਅਤੇ ਇਸ ਅਜੰਡੇ ਨੂੰ ਬੜੀ ਸਰਗਰਮੀ ਨਾਲ ਲਾਗੂ ਕਰਦੇ ਹਨ। ਸੀ.ਪੀ.ਆਈ. ਤੇ ਸੀ.ਪੀ.ਆਈ.(ਐਮ) ਦੀ ਦਲੀਲ ਹੈ ਕਿ ਉਹ ਕੇਂਦਰ ਦੀ ਮਨਮੋਹਨ ਸਿੰਘ ਸਰਕਾਰ ਦੀ ਹਿਮਾਇਤ ਇਸ ਲਈ ਕਰ ਰਹੇ ਹਨ ਕਿ ਕਿਤੇ ਭਾਜਪਾ ਫੇਰ ਤਾਕਤ ਵਿਚ ਨਾ ਆ ਜਾਵੇ। ਪਰ ਕਾਂਗਰਸ ਅਤੇ ਭਾਜਪਾ ਦੇ ਅਜੰਡੇ ਵਿਚ ਤਾਂ ਕੋਈ ਫ਼ਰਕ ਹੀ ਨਹੀਂ ਹੈ, ਇਹ ਦੋਵੇਂ ਧਿਰਾਂ ਸਰਮਾਏਦਾਰੀ ਤੇ ਭੂਮੀਪਤੀਆਂ ਦੀਆਂ ਪਾਰਟੀਆਂ ਹਨ ਤੇ ਉਨ੍ਹਾਂ ਦੇ ਅਜੰਡੇ ਤੋਂ ਬਾਹਰ ਜਾ ਹੀ ਨਹੀਂ ਸਕਦੀਆਂ। ਇਸ ਤਰ੍ਹਾਂ, ਇਹ ਦੋਵੇਂ ਕਮਿਉਨਿਸਟ ਪਾਰਟੀਆਂ ਵੀ ਹਾਕਮ ਜਮਾਤਾਂ ਦੇ ਅਜੰਡੇ ਤੇ ਹੀ ਚਲਦੀਆਂ ਹਨ ਤੇ ਸਮਾਜ ਵਿਰੋਧੀ ਹਮਲੇ ਨੂੰ ਲਾਗੂ ਕਰ ਰਹੀਆਂ ਹਨ। ਮਿਸਾਲ ਦੇ ਤੌਰ ਤੇ ਬੰਗਾਲ ਵਿਚ, ਜਿਥੇ ਕਿ ਇਹ ਪਿਛਲੇ ਤਿੰਨ ਦਹਾਕਿਆਂ ਤੋਂ ਤਾਕਤ ਵਿਚ ਹੈ, ਸੀ.ਪੀ.ਆਈ.(ਐਮ) ਵੀ ਇਹੋ ਅਜੰਡਾ ਹੀ ਲਾਗੂ ਕਰਦੀ ਆਈ ਹੈ। ਕਮਿਉਨਿਸਟਾਂ ਦੀਆਂ ਇਨ੍ਹਾਂ ਦੋ ਵੱਡੀਆਂ ਪਾਰਟੀਆਂ ਵਲੋਂ ਹਾਕਮ ਜਮਾਤਾਂ ਦੇ ਅਜੰਡੇ ਤੇ ਚਲਣਾ ਤੇ ਪਾਰਟੀ ਰਾਜ ਦੀ ਪ੍ਰਣਾਲੀ ਨੂੰ ਕਾਇਮ ਰੱਖਣਾ ਲੋਕਾਂ ਘੋਲਾਂ ਦੇ ਰਾਹ ਵਿਚ ਇਕ ਵੱਡਾ ਅੜਿਕਾ ਹੈ।

ਲੇਕਿਨ, ਸਿਆਸੀ ਪਾਰਟੀਆਂ ਅਤੇ ਪਾਰਟੀ ਰਾਜ ਦੀ ਪ੍ਰਣਾਲੀ ਦੀ ਪ੍ਰਤੀਤ ਲੋਕਾਂ ਵਿਚ ਹੁਣ ਬਹੁਤ ਹੀ ਘੱਟ ਗਈ ਹੈ। ਉਨ੍ਹਾਂ ਦਾ ਆਪਣਾ ਤਜਰਬਾ ਉਨ੍ਹਾਂ ਨੂੰ ਦੱਸਦਾ ਹੈ ਕਿ ਉਹ ਕਿਸੇ ਵੀ ਸਿਆਸੀ ਪਾਰਟੀ ਤੋਂ ਕੋਈ ਆਸ ਨਹੀਂ ਕਰ ਸਕਦੇ।

ਇਕ ਪਾਰਟੀ ਤਾਕਤ ਵਿਚ ਆਉਂਦੀ ਹੈ ਦੂਸਰੀ ਜਾਂਦੀ ਹੈ ਪਰ ਉਨ੍ਹਾਂ ਦੇ ਮਸਲੇ ਹੱਲ ਨਹੀਂ ਹੁੰਦੇ। ਪਰ ਇਸ ਪਾਰਟੀ ਰਾਜ ਦੀ ਪ੍ਰਣਾਲੀ ਨੂੰ ਖ਼ਤਮ ਕਰਕੇ ਮਸਲੇ ਆਪਣੇ ਹੱਥ ਵਿਚ ਲੈਣ ਦੀ ਸੇਧ ਬਾਰੇ ਬਹਿਸ ਅਤੇ ਲਹਿਰ ਹਾਲੇ ਕਮਜ਼ੋਰ ਹੈ। ਹੌਲੀ ਹੌਲੀ ਲੋਕਾਂ ਵਿਚ ਇਹ ਅਹਿਸਾਸ ਪੈਦਾ ਹੋ ਰਿਹਾ ਹੈ ਕਿ ਜਿੰਨਾਂ ਚਿਰ ਉਹ ਆਪਣੇ ਕੁਦਰਤੀ ਸੋਮੇ ਆਪਣੇ ਹੱਥਾਂ ਵਿਚ ਨਹੀਂ ਲੈਂਦੇ ਉਨ੍ਹਾਂ ਚਿਰ ਉਨ੍ਹਾਂ ਦਾ ਭਲਾ ਨਹੀਂ ਹੋ ਸਕਦਾ। ਪਰ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਰਾਜ ਤੰਤ੍ਰ ਕੌਮੀਕਰਨ ਅਤੇ ਨਿਜੀਕਰਣ ਰਾਹੀਂ ਲੋਕਾਂ ਤੋਂ ਉਨ੍ਹਾਂ ਦੇ ਕੁਦਰਤੀ ਸੋਮੇ ਅਤੇ ਹੋਰ ਵਸੀਲੇ ਖੋਹੀ ਜਾ ਰਹੇ ਹਨ।

ਅੱਜ ਕਲ ਦੀਆਂ ਨਾਮ ਨਿਹਾਦ "ਗੈਰ ਸਰਕਾਰੀ ਸੰਸਥਾਵਾਂ" ਵੀ ਲੋਕਾਂ ਦੇ ਘੋਲਾਂ ਨੂੰ ਕੁਰਾਹੇ ਪਾਉਣ ਦਾ ਹੀ ਕੰਮ ਕਰਦੀਆਂ ਹਨ। ਇਹ ਲੋਕਾਂ ਨੂੰ ਆਪਣੀ ਸਿਆਸੀ ਸੇਧ ਵਿਕਸਿਤ ਕਰਨ ਦੇ ਰਾਹ ਤੋਂ ਮੋੜ ਕੇ ਸਿਰਫ਼ ਇਸ ਜਾਂ ਉਸ ਮਸਲੇ ਤਾਂਈ ਮਹਿਦੂਦ ਰਖਦੀਆਂ ਹਨ ਤੇ ਉਨ੍ਹਾਂ ਦੀ ਲਹਿਰ ਅਤੇ ਘੋਲ ਨੂੰ ਖੁੰਢਾ ਕਰਦੀਆਂ ਹਨ। ਕਹਿਣ ਨੂੰ ਭਾਵੇਂ ਇਹ ਗੈਰ ਸਰਕਾਰੀ ਸੰਸਥਾਵਾਂ ਹਨ ਪਰ ਅਸਲ ਵਿਚ ਸਾਮਰਾਜ ਅਤੇ ਹਾਕਮ ਜਮਾਤਾਂ ਵਲੋਂ ਹੀ ਕਾਇਮ ਕੀਤੀਆਂ ਹੋਈਆਂ ਹਨ। ਕੌਣ ਨਹੀਂ ਜਾਣਦਾ ਕਿ ਪੀਣ ਦਾ ਪਾਣੀ ਲੋਕਾਂ ਦਾ ਇਕ ਬੁਨਿਆਦੀ ਹੱਕ ਹੈ ਕਿਉਂਕਿ ਇਹਦੇ ਬਗੈਰ ਜ਼ਿੰਦਗੀ ਸੰਭਵ ਨਹੀਂ। ਲੋਕਾਂ ਨੂੰ ਪੀਣ ਵਾਲਾ ਪਾਣੀ ਨਾ ਮਿਲਣਾ ਇਕ ਸਿਆਸੀ ਮਸਲਾ ਹੈ। ਪਰ ਇਹ ਗੈਰ ਸਰਕਾਰੀ ਸੰਸਥਾਵਾਂ ਇਸ ਨੂੰ ਇਕ ਸਿਆਸੀ ਮਸਲਾ ਤੇ ਹੱਕਾਂ ਦਾ ਮਸਲਾ ਨਹੀਂ ਬਣਾਉਂਦੀਆਂ ਬਲਕਿ ਇਸ ਜਾਂ ਉਸ ਏਜੰਸੀ ਤੋਂ ਪੈਸੇ ਮੰਗਣ ਦਾ ਵਸੀਲਾ ਬਣਾ ਕੇ ਲੋਕਾਂ ਨੂੰ ਨਿਹੱਥੇ ਕਰਨ ਦਾ ਕੰਮ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਆਪਣੇ ਉਤੇ ਨਿਰਭਰ ਕਰੀ ਰਖਦੀਆਂ ਹਨ। ਇਸ ਲਈ, ਗਰੀਬੀ ਹਟਾਉਣ ਦਾ ਧੰਦਾ ਵੀ ਇਸ ਵੇਲੇ ਇਕ ਬਹੁਤ ਵੱਡਾ ਤੇ ਲਾਹੇਵੰਦ ਧੰਦਾ ਬਣ ਗਿਆ ਹੈ। ਅਮਰੀਕਨ ਤੇ ਹੋਰ ਸਾਮਰਾਜੀਏ, ਆਲਮੀ ਬੈਂਕ ਅਤੇ ਆਈ.ਐਮ.ਐਫ਼ ਵਰਗੇ ਅਦਾਰੇ ਇਹੋ ਜਿਹੀਆਂ ਡਿਵੈਲਪਮੈਂਟ ਦੀਆਂ ਗੱਲਾਂ ਕਰਨ ਵਾਲੀਆਂ ਇਨ੍ਹਾਂ ਗੈਰ ਸਰਕਾਰੀ ਸੰਸਥਾਵਾਂ ਨੂੰ ਬਹੁਤ ਪਸੰਦ ਕਰਦੇ ਹਨ ਕਿਉਂਕਿ ਇਹ ਗੈਰ ਸਰਕਾਰੀ ਸੰਸਥਾਵਾਂ ਉਹੋ ਰੋਲ ਹੀ ਨਿਭਾਉਂਦੀਆਂ ਹਨ ਜੋ ਮਿਸ਼ਨਰੀ ਸੰਸਥਾਵਾਂ ਬਸਤੀਵਾਦ ਦੇ ਪਸਾਰੇ ਲਈ ਨਿਭਾਉਂਦੀਆਂ ਸਨ।

ਲੋਕਾਂ ਘੋਲਾਂ ਦੇ ਰਾਹ ਦੇ ਇਨ੍ਹਾਂ ਅੜਿਕਿਆਂ ਨੂੰ ਖ਼ਤਮ ਕਰਨ ਲਈ ਹੁਣ ਨਵੀਂਆਂ ਤਾਕਤਾਂ ਉੱਠ ਰਹੀਆਂ ਹਨ ਜੋ ਲਾਜ਼ਮੀ ਹੀ ਇਨ੍ਹਾਂ ਮਸਲਿਆਂ ਨੂੰ ਹੱਲ ਕਰਕੇ ਲੋਕਾਂ ਘੋਲਾਂ ਨੂੰ ਕਾਮਯਾਬ ਬਣਾਉਣਗੀਆਂ। ਇਹ ਨਵੀਆਂ ਤਾਕਤਾਂ ਭਾਵੇਂ ਅਜੇ ਕਮਜ਼ੋਰ ਹਨ ਪਰ ਯਕੀਨਨ ਹੀ ਪਾਰਟੀ ਰਾਜ ਦੀ ਇਸ ਸਿਆਸੀ ਪ੍ਰਣਾਲੀ ਨੂੰ ਖ਼ਤਮ ਕਰਕੇ ਨਵੀਂ ਉਸਾਰੀ ਕਰਨ ਵਿਚ ਕਾਮਯਾਬ ਹੋਣਗੀਆਂ। ਇਤਿਹਾਸ ਇਨ੍ਹਾਂ ਦੇ ਨਾਲ ਹੈ।